ਦਸੰਬਰ/ਜਨਵਰੀ

## ਪਾਠ-24 ਜਾਗੋ (ਲੇਖ) ਲੇਖਕ- ਕਿਰਪਾਲ ਸਿੰਘ ਕਜ਼ਾਕ

ਤਿਆਰ ਕਰਤਾ-ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ ਸ.ਸ.ਸ.ਸ ਮਾੜੀ ਬੁੱਚਿਆਂ ਗੁਰਦਾਸਪੁਰ।

### 1. ਪ੍ਰਸ਼ਨ/ਉੱਤਰ

**1.** ਪ੍ਰਸ਼ਨ:- ਬੱਚੇ ਵਿਆਹ ਤੇ ਜਾਣ ਲਈ ਕਿਉਂ ਤਿਆਰ ਹੋ ਗਏ ?

ਉੱਤਰ:- ਬੱਚੇ ਇਸ ਕਰਕੇ ਵਿਆਹ ਉੱਤੇ ਜਾਣ ਲਈ ਤਿਆਰ ਹੋ ਗਏ,ਕਿਉਂਕਿ ਉਨ੍ਹਾਂ ਦੀ ਮੰਮੀ ਨੇ ਦੱਸਿਆ ਸੀ ਕਿ ਉੱਥੇ ਜਾਗੋ ਕੱਢੀ ਜਾਵੇਗੀ ਤੇ ਬੱਚੇ ਇਹ ਦੇਖਣਾ ਚਾਹੁੰਦੇ ਸਨ ਕਿ ਵਿਆਹ ਉੱਤੇ ਜਾਗੋ ਕਿਸ ਤਰ੍ਹਾਂ ਕੱਢੀ ਜਾਂਦੀ ਹੈ।

**2.**ਪ੍ਰਸ਼ਨ:- ਨਾਨਕਾ -ਮੇਲ ਕੀ ਹੁੰਦਾ ਹੈ ਤੇ ਉਸ ਦਾ ਸੁਆਗਤ ਕਿਸ ਤਰ੍ਹਾਂ ਕੀਤਾ ਜਾਂਦਾ ਹੈ?

ਉੱਤਰ:- ਨਾਨਕਾ-ਮੇਲ ਵਿਆਂਹਦੜ ਦੀ ਮਾਂ ਦੇ ਮਾਪਿਆਂ ਨਾਲ਼ ਸੰਬੰਧਿਤ ਨਾਨਾ,ਨਾਨੀ,ਮਾਮਾ,ਮਾਮੀ ਤੇ ਹੋਰ ਰਿਸ਼ਤੇਦਾਰਾਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ।ਨਾਨਕਾ-ਮੇਲ ਦਾ ਸੁਆਗਤ ਵਿਆਹ ਵਾਲੇ ਘਰ ਦੀਆਂ ਔਰਤਾਂ ਦੁਆਰਾ ਗੀਤ ਗਾ ਕੇ ਕੀਤਾ ਜਾਂਦਾ ਹੈ।

**3.**ਪ੍ਰਸ਼ਨ:- ਮਾਈਏਂ ਪਾਉਣ ਦੀ ਰਸਮ ਕੀ ਹੁੰਦੀ ਹੈ?

ਉੱਤਰ:- ਵਿਆਹ ਤੋਂ ਕੁੱਝ ਦਿਨ ਪਹਿਲਾਂ ਵਿਆਂਹਦੜ ਮੁੰਡੇ ਜਾਂ ਕੁੜੀ ਨੂੰ ਮਾਈਏਂ ਪਾਇਆ ਜਾਂਦਾ ਹੈ।ਇਸ ਲਈ ਹਲਦੀ,ਤੇਲ ਤੇ ਵੇਸਣ ਦੇ ਮਿਸ਼ਰਨ ਦਾ ਵਟਣਾ ਤਿਆਰ ਕਰ ਕੇ ਵਿਆਂਹਦੜ ਦੇ ਪਿੰਡੇ ਉੱਤੇ ਮਲਿਆ ਜਾਂਦਾ ਹੈ,ਜਿਸ ਨਾਲ਼ ਉਸ ਦਾ ਪਿੰਡਾ ਨਿੱਖਰ ਜਾਂਦਾ ਹੈ।

**4.**ਪ੍ਰਸ਼ਨ:- ਜਾਗੋ ਕਿਵੇਂ ਤਿਆਰ ਕਰ ਕੇ ਕੱਢੀ ਜਾਂਦੀ ਹੈ?

ਉੱਤਰ:-ਇਕ ਗਾਗਰ ਵਿਚ ਥੋੜ੍ਹਾ ਜਿਹਾ ਪਾਣੀ ਭਰ ਕੇ ਉਸ ਦੇ ਗਲ਼ਮੇ ਉੱਪਰ ਚੁਫ਼ੇਰੇ ਗੁੰਨ੍ਹਿਆ ਹੋਇਆ ਆਟਾ ਲਾ ਕੇ ਉੱਤੇ ਥਾਲ਼ੀ ਟਿਕਾਅ ਕੇ ਉਸ ਉੱਪਰ ਦੀਵੇ ਜਗਾ ਕੇ ਟਿਕਾਏ ਜਾਂਦੇ ਹਨ।ਜਿਉਂ ਹੀ ਇਕ ਮੁਟਿਆਰ ਮਾਮੀ ਗਾਗਰ ਨੂੰ ਸਿਰ ਉੱਤੇ ਚੁੱਕਦੀ ਹੈ,ਤਾਂ ਔਰਤਾਂ ਗਾਉਣ ਤੇ ਨੱਚਣ ਲੱਗ ਪੈਂਦੀਆਂ ਹਨ।ਆਲ਼ੇ-ਦੁਆਲ਼ੇ ਦੇ ਲੋਕ ਕੋਠਿਆਂ ਉੱਤੇ ਚੜ੍ਹ ਕੇ ਇਸ ਨਜ਼ਾਰੇ ਨੂੰ ਦੇਖਦੇ ਹਨ। ਜਿਸ ਵੀ ਜਾਣੂ ਘਰ ਦੇ ਅੱਗਿਓ ਜਾਗੋ ਲੈ ਕੇ ਔਰਤਾਂ ਲੰਘਦੀਆਂ ਹਨ,ਉਸ ਘਰ ਦੇ ਮੁਖੀਏ ਦਾ ਨਾਂ ਲੈ ਕੇ ਉਸ ਨੂੰ ਆਪਣੀ ਘਰ ਵਾਲੀ ਨੂੰ ਜਗਾਉਣ ਲਈ ਹਾਸੇ-ਠੱਠੇ ਵਾਲੇ ਬੋਲ ਬੋਲਦੀਆਂ ਹਨ-

ਲੰਬੜਾ ਜੋਰੂ ਜਗਾ ਲੈ ਵੇ,

ਹੁਣ ਜਾਗੋ ਆਈ ਆ।

ਚੁੱਪ ਕਰ ਬੀਬੀ,

ਉੱਠ ਖੜੂਗੀ,

ਚੁੱਕਣੀ ਪਊਗੀ,

ਲੋਰੀ ਦੇ ਕੇ ਪਾਈ ਆ,

ਮਸਾਂ ਸੁਵਾਈ ਐ,

ਜਾਗੋ ਆਈ ਆ।

**5.**ਪ੍ਰਸ਼ਨ:- ਔਰਤਾਂ ਜਾਗੋ ਦਾ ਪ੍ਰਦਰਸ਼ਨ ਕਿਵੇਂ ਕਰਦੀਆਂ ਹਨ?

ਉੱਤਰ:- ਜਿਸ ਘਰ ਅੱਗਿਓ ਜਾਗੋ ਵਿਚ ਸ਼ਾਮਿਲ ਔਰਤਾਂ ਦਾ ਸਮੂਹ ਗਾਉਂਦਾ ਹੋਇਆ ਲੰਘਦਾ ਹੈ,ਉਸ ਘਰ ਦੇ ਬੰਦੇ ਦੀਵਿਆਂ ਵਿਚ ਤੇਲ ਪਾ ਕੇ ਆਪਣੇ ਆਪ ਨੂੰ ਇਸ ਰਸਮ ਵਿਚ ਸ਼ਾਮਿਲ ਕਰਦੇ ਹਨ।ਪਿੰਡ ਵਿਚੋਂ ਲੰਘਦੀਆਂ ਹੋਈਆਂ ਉਹ ਕਿਸੇ ਦੇ ਘਰ ਦਾ ਓਟਾ,ਕਿਸੇ ਦੇ ਕੋਠੇ ਦਾ ਪਰਨਾਲਾ,ਕਿਸੇ ਦੀ ਖੁਰਲੀ ਤੇ ਕਿਸੇ ਦਾ ਚੁੱਲ੍ਹਾ ਢਾਹ ਦਿੰਦੀਆਂ ਹਨ,ਪਰ ਕੋਈ ਇਤਰਾਜ਼ ਨਹੀਂ ਕਰਦਾ।

**6.**ਪ੍ਰਸ਼ਨ:-ਜਾਗੋ ਕੱਢਣ ਸਮੇਂ ਔਰਤਾਂ ਮਸਤੀ ਕਿਵੇਂ ਕਰਦੀਆਂ ਹਨ?

ਉੱਤਰ:- ਜਾਗੋ ਕੱਢਣ ਵਾਲੀਆਂ ਔਰਤਾਂ ਪਿੰਡ ਦੀਆਂ ਗਲੀਆਂ ਵਿਚੋਂ ਲੰਘਦੀਆਂ ਹੋਈਆਂ ਕਿਸੇ ਦੇ ਘਰ ਦਾ ਓਟਾ,ਕਿਸੇ ਦੇ ਕੋਠੇ ਦਾ ਪਰਨਾਲਾ ,ਕਿਸੇ ਦੀ ਖੁਰਲੀ ਤੇ ਕਿਸੇ ਦਾ ਚੁੱਲ੍ਹਾ ਢਾਹੁਣ ਦੀ ਮਸਤੀ ਕਰਦੀਆਂ ਹਨ।

**7.**ਪ੍ਰਸ਼ਨ:- ਜਾਗੋ ਦੀ ਇਸ ਰਸਮ ਦਾ ਇਹ ਨਾਂ ਕਿਵੇਂ ਪਿਆ?

ਉੱਤਰ:-ਜਾਗੋ ਦੀ ਇਸ ਰਸਮ ਦਾ ਇਹ ਨਾਂ ਇਸ ਕਰਕੇ ਪਿਆ,ਕਿਉਂਕਿ ਵਿਆਹ ਤੋਂ ਇਕ ਦਿਨ ਪਹਿਲਾਂ ਲਾੜੇ ਜਾਂ ਲਾੜੀ ਨੂੰ ਮਹਿੰਦੀ ਲਾਈ ਜਾਂਦੀ ਸੀ ਤੇ ਔਰਤਾਂ ਸਾਰੀ-ਸਾਰੀ ਰਾਤ ਗੀਤ ਗਾਉਂਦੀਆਂ ਰਹਿੰਦੀਆਂ ਸਨ।ਇਹ ਜਾਗਣ ਦੀ ਰਸਮ ਹੀ ਜਾਗੋ ਦੇ ਨਾਂ ਨਾਲ਼ ਪ੍ਰਚਲਿਤ ਹੋਈ।

## 2. ਔਖੇ ਸ਼ਬਦਾਂ ਦੇ ਅਰਥ:

ਅੰਗ-ਸੰਗ - ਰਿਸ਼ਤੇਦਾਰ

ਮਖ਼ੌਲੀਆ - ਮਜ਼ਾਕੀਆ

ਪਰਿਕਰਮਾ - ਚਾਰੇ-ਪਾਸੇ ਚੱਕਰ ਕੱਟਣਾ

ਜਾਗ੍ਰਿਤ - ਚੇਤੰਨ

ਭਾਵਨਾਵਾਂ - ਇੱਛਾਵਾਂ,ਇਰਾਦੇ,ਖ਼ਾਹਸ਼ਾਂ

ਖ਼ਰਮਸਤੀ - ਸ਼ਰਾਰਤ, ਅੱਥਰਾਪਣ

ਸੁਮੇਲ - ਸੁਜੋੜ,ਚੰਗਾ ਮੇਲ

ਧਮਕ - ਖੜਕਾ,ਪੈਰਾਂ ਦੀ ਅਵਾਜ਼

ਬੰਧਨ - ਬੰਨ੍ਹਣ ਦੀ ਕਿਰਿਆ, ਜੰਜਾਲ,ਰੋਕ, ਰੁਕਾਵਟ

## 3.ਵਾਕਾਂ ਵਿਚ ਵਰਤੋਂ:

**1.** ਚਾਈਂ-ਚਾਈਂ(ਚਾਅ ਨਾਲ਼ ਭਰ ਕੇ)- ਅਸੀਂ ਸਾਰੇ ਚਾਈਂ-ਚਾਈਂ ਵਿਆਹ ਦੇਖਣ ਗਏ।

**2.** ਨਾਨਕਾ-ਮੇਲ਼ (ਨਾਨਕਿਆਂ ਨਾਲ਼ ਸੰਬੰਧਿਤ ਲੋਕ) – ਨਾਨਕਾ-ਮੇਲ਼ ਵਿਚ ਸਾਰੇ ਆਏ ਸਨ।

**3.** ਮੁਖੀਆ (ਪ੍ਰਧਾਨ) – ਤੁਹਾਡੇ ਪਰਿਵਾਰ ਦਾ ਮੁਖੀਆ ਕੌਣ ਹੈ?

**4.** ਨੇਪਰੇ ਚਾੜ੍ਹਨਾ (ਸਿਰੇ ਚਾੜ੍ਹਨਾ) -ਅਸੀਂ ਇਮਾਰਤ ਦਾ ਕੰਮ ਨੇਪਰੇ ਚਾੜ੍ਹਿਆ।

**5.** ਪਹਿਲ-ਕਦਮੀ (ਕੰਮ ਕਰਨ ਵਿਚ ਪਹਿਲ ਕਰਨੀ)- ਤੁਹਾਡੀ ਪਹਿਲ-ਕਦਮੀ ਨਾਲ਼ ਹੀ ਹੋਰ ਸਾਰੇ ਬੰਦੇ ਕੰਮ ਕਰਨ ਵਿਚ ਜੁੱਟ ਗਏ।

**6.** ਸੂਚਕ (ਸੂਚਨਾ ਦੇਣ ਵਾਲ਼ਾ) -ਚੌਂਕ ਵਿਚ ਲਾਲ ਬੱਤੀ ਆਵਾਜਾਈ ਲਈ ਰੁਕਣ ਦੀ ਸੂਚਕ ਹੁੰਦੀ ਹੈ।

**7.** ਨਿਹੋਰੇ (ਗਿਲੇ) -ਵਿਆਹ-ਸ਼ਾਦੀ ਵਿਚ ਨਾਨਕੀਆਂ-ਦਾਦਕੀਆਂ ਦੇ ਗੀਤ ਇਕ -ਦੂਜੇ ਦੇ ਵਿਹਾਰ ਪ੍ਰਤੀ ਨਿਹੋਰਿਆਂ ਨਾਲ਼ ਭਰੇ ਹੁੰਦੇ ਹਨ।

**8.** ਦੂਣ-ਸਵਾਇਆ(ਬਹੁਤਾ)- ਜਾਗੋ ਦੀ ਰਸਮ ਵਿਆਹ ਦੇ ਚਾਵਾਂ ਨੂੰ ਦੂਣ-ਸਵਾਇਆ ਕਰ ਦਿੰਦੀ ਹੈ।

**4.** ਹੇਠ ਲਿਖੇ ਸ਼ਬਦਾਂ ਨਾਲ਼ ਪਿਛੇਤਰ ਜਾਂ ਸ਼ਬਦਾਂਸ਼ ਲਾ ਕੇ ਨਵੇਂ ਸ਼ਬਦ ਬਣਾਓ:

ਨਾਨਕੇ – ਨਾਨਕਿਓਂ/ ਨਾਨਕਿਆਂ

ਪੇਕੇ – ਪੇਕਿਆਂ/ ਪੇਕਿਓਂ

ਦੀਵਾ – ਮਖ਼ੌਲੀਆ

ਹਨੇਰੀ – ਹਨੇਰੀਆਂ

ਘਰ – ਘਰੇਲੂ

ਭਾਈ – ਭਾਈਵੰਦੀ/ ਭਾਈਆਣੀ।

.................................................................................